# ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਕੇਂਦਰ ਸੁਪਰਡੈਂਟ
ਪੰਜਾਬ।

ਨੰਬਰ: ਪਸਸਬ /ਪ੍ਰੀਖਿਆ ਦਸਵੀਂ/ਲਸ/ਸੁ./2026/..09....ਮਿਤੀ:28/1/26..

ਵਿਸ਼ਾ- ਦਸਵੀਂ ਪ੍ਰੀਖਿਆ ਮਾਰਚ-2026 (ਸਾਲਾਨਾ) ਪ੍ਰੀਖਿਆਵਾਂ ਦੇ ਹਸਤਾਖਰ ਚਾਰਟ ਭੇਜਣ ਬਾਰੇ ।

ਸ਼੍ਰੀਮਾਨ / ਸ਼੍ਰੀਮਤੀ ਜੀ,

ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਦਸਵੀਂ ਪ੍ਰੀਖਿਆ ਮਾਰਚ, 2026 (ਸਾਲਾਨਾ) ਦੀਆਂ ਪ੍ਰੀਖਿਆਵਾਂ ਜੋ ਕਿ ਮਿਤੀ 06-03-2026 ਤੋਂ ਆਰੰਭ ਹੋ ਰਹੀਆਂ ਹਨ । ਇਨ੍ਹਾਂ ਪ੍ਰੀਖਿਆਵਾਂ ਦੇ ਹਸਤਾਖਰ ਚਾਰਟ ਪ੍ਰੀਖਿਆ ਖਤਮ ਹੋਣ ਉਪਰੰਤ ਮੁੱਖ ਦਫ਼ਤਰ ਨੂੰ ਭੇਜਣ ਦੇ ਮੰਤਵ ਲਈ ਦਫਤਰ ਵੱਲੋਂ ਭੇਜੇ ਗਏ ਲਿਫਾਫੇ ਤੇ ਪ੍ਰੀਖਿਆ ਦੀ ਸ਼੍ਰੇਣੀ, ਪ੍ਰੀਖਿਆ ਕੇਂਦਰ ਦਾ ਨਾਂ ਅਤੇ ਜਿਲ੍ਹਾ ਦਰਜ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ ਨਗਰ (ਮੋਹਾਲੀ) ਦੇ ਨਾਂ ਤੇ ਦਫਤਰ ਵੱਲੋਂ ਸਥਾਪਿਤ ਇਕੱਤਰ ਕੇਂਦਰ/ਖੇਤਰੀ ਦਫਤਰ ਪਾਠ ਪੁਸਤਕਾਂ ਵਿਕਰੀ ਡਿਪੂ, ਵਿਖੇ ਵੱਖਰੇ ਤੌਰ ਤੇ ਜਮਾਂ ਕਰਵਾਏ ਜਾਣ। **ਇਹ ਹਸਤਾਖਰ ਚਾਰਟ ਰਜਿਸਟਰਡ ਡਾਕ ਰਾਹੀਂ ਜਾਂ ਸੁਪਰਡੈਂਟ ਦੇ ਲਾਸਟ ਪੈਕਟ ਵਿੱਚ ਨਾ ਭੇਜੇ ਜਾਣ।**

**<u>ਉਕਤ ਸਬੰਧੀ ਕੇਂਦਰ ਸੁਪਰਡੰਟ ਸਾਹਿਬਾਨ ਹੇਠ ਅਨੁਸਾਰ ਕਾਰਵਾਈ ਕਰਨਾ ਵੀ ਯਕੀਨੀ ਬਣਾਉਣ:-</u>**

1. ਪ੍ਰੀਖਿਆਰਥੀ ਦੀ ਉੱਤਰ ਪੱਤਰੀ ਦਾ ਨੰਬਰ ਹਸਤਾਖਰ ਚਾਰਟ ਵਿੱਚ ਵਿਸ਼ੇ ਨਾਲ ਸਬੰਧਤ ਕਾਲਮ ਵਿੱਚ ਸਾਫ ਸਾਫ ਅੱਖਰਾਂ ਵਿੱਚ ਦਰਜ ਕਰ ਦਿੱਤਾ ਗਿਆ ਹੋਵੇ।
2. ਪ੍ਰੀਖਿਆਰਥੀ ਵੱਲੋਂ ਹਸਤਾਖਰ ਚਾਰਟ ਵਿੱਚ ਹਸਤਾਖਰ ਕਰ ਦਿੱਤੇ ਗਏ ਹੋਣ। ਜੇਕਰ ਪ੍ਰੀਖਿਆਰਥੀ ਗੈਰ ਹਾਜਰ ਹੁੰਦਾ ਹੈ, ਤਾਂ ਸਬੰਧਤ ਕਾਲਮ ਵਿੱਚ ਲਾਲ ਪੈੱਨ ਨਾਲ ਗੈਰ ਹਾਜਰ ਦਰਜ ਕਰ ਦਿੱਤਾ ਜਾਵੇ ਜਾਂ ਹਾਈਲਾਈਟ ਕਰ ਦਿੱਤਾ ਜਾਵੇ।
3. ਜੇਕਰ ਹਸਤਾਖਰ ਚਾਰਟ ਵਿੱਚ ਕਿਸੇ ਪ੍ਰੀਖਿਆਰਥੀ ਦੀ ਫੋਟੋ ਛਪਣ ਤੋਂ ਰਹਿ ਗਈ ਹੋਵੇ ਜਾਂ ਪ੍ਰੀਖਿਆਰਥੀ ਦੀ ਫੋਟੋ ਧੁੰਧਲੀ ਹੋਣ ਕਰਕੇ ਪਹਿਚਾਨ ਨਾ ਹੋ ਰਹੀ ਹੋਵੇ ਤਾਂ ਅਜਿਹੀ ਸਥਿਤੀ ਵਿੱਚ ਕੇਂਦਰ ਸੁਪਰਡੰਟ ਆਪਣੇ ਪੱਧਰ ਤੇ ਡੇਟ ਸ਼ੀਟ ਵਿੱਚ ਦਰਸਾਏ ਸਬੰਧਤ ਜਿਲ੍ਹੇ ਨੂੰ ਡੀਲ ਕਰਨ ਵਾਲੇ ਸੁਪਰਡੰਟ ਦੇ ਫੋਨ ਨੰਬਰ ਤੇ ਮੁੱਖ ਦਫ਼ਤਰ (ਐਸ.ਏ.ਐਸ. ਨਗਰ ਵਿਖੇ) ਸਪੰਰਕ ਕਰਕੇ ਤੁਰੰਤ ਸਹੀ ਫੋਟੋ ਪੋਸਟ ਕਰਵਾਉਣਾ ਯਕੀਨੀ ਬਣਾਉਣਗੇ।
4. ਇਸ ਪ੍ਰੀਖਿਆ ਦੇ ਹਸਤਾਖਰ ਚਾਰਟ ਦੇ ਰਿਕਾਰਡ ਦੀ ਫੋਟੋਕਾਪੀ ਕੇਂਦਰ ਸੁਪਰਡੰਟ ਅਤੇ ਸਕੂਲ ਪੱਧਰ ਤੇ ਮਹਿਫੂਜ਼ ਰੱਖੀ ਜਾਵੇ, ਕਿਉਂਕਿ ਹਸਤਾਖਰ ਚਾਰਟ ਮੁੱਖ ਦਫਤਰ, ਐਸ.ਏ.ਐਸ.ਨਗਰ ਵਿਖੇ ਪ੍ਰਾਪਤ ਨਾ ਹੋਣ ਦੀ ਲੋੜ ਪੈਣ ਤੇ ਹਸਤਾਖਰ ਚਾਰਟ ਮੁੜ ਭੇਜਣ ਲਈ ਕਿਹਾ ਜਾ ਸਕਦਾ ਹੈ।
5. ਪ੍ਰੀਖਿਆ ਦੌਰਾਨ ਪ੍ਰੀਖਿਆਰਥੀਆਂ ਦੀ ਗੈਰ ਹਾਜ਼ਰੀ ਬੋਰਡ ਪੋਰਟਲ Student Attendance link ਅਧੀਨ ਪ੍ਰਤੀ ਦਿਨ ਅਪਲੋਡ ਕੀਤਾ ਜਾਵੇ।
6. ਜਿਹੜੇ ਸਕੂਲ ਦੇ ਪ੍ਰੀਖਿਆਰਥੀ ਪ੍ਰੀਖਿਆ ਕੇਂਦਰ ਵਿੱਚ ਪ੍ਰੀਖਿਆ ਦੇ ਰਹੇ ਹਨ, ਇਨ੍ਹਾਂ ਪ੍ਰੀਖਿਆਰਥੀਆਂ ਦੀਆਂ ਪ੍ਰੀਖਿਆਵਾਂ ਖਤਮ ਹੋਣ ਤੇ ਹਸਤਾਖਰ ਚਾਰਟ ਦੀ pdf file ਦੀ ਕਾਪੀ ਸਬੰਧਤ ਸਕੂਲ ਦੇ ਪ੍ਰਿੰਸੀਪਲ ਨੂੰ ਮੁਹੱਈਆ ਕਰਵਾਈ ਜਾਵੇ ਅਤੇ ਸਬੰਧਤ ਸਕੂਲ ਵੱਲੋਂ ਇਸ ਨੂੰ ਹਾਰਡ ਕਾਪੀ ਦੇ ਰੂਪ ਵਿੱਚ ਵੀ ਰਿਕਾਰਡ ਹਿੱਤ ਰੱਖਿਆ ਜਾਵੇ।

28/01/26

ਸੁਪਰਡੰਟ,ਪ੍ਰੀ-ਦਸਵੀਂ